ਸਭ ਹੱਕ ਮਹਫੂਜ਼

# ਝੋਕ
# ਗੁਰੂ ਕੀ ਸੀ

ਪ੍ਰੇਮੀਆਂ ਦੇ ਵਿਚਾਰ ਲਈ

**ਮਾਸਟਰ ਸੁੰਦਰ ਸਿੰਘ ਲੈਲਪਰੀ**

ਨੇ ਝੋਕ ਦੀ ਸੁਰ ਤੇ ਤਿਆਰ ਕੀਤੀ।

**ਜਿਸਨੂੰ**

**ਭਾ:ਚਤ੍ਰਸਿੰਘ ਜੀਵਨਸਿੰਘ**
**ਪੁਸਤਕਾਂ ਵਾਲੇ ਬਜਾਰ ਮਾਈ**
**ਸੇਵਾਂ ਅਮ੍ਰਿਤਸਰ ਨੇ ਛਪਾਯਾ।**
ਸੰ: ੧੯੧੧ ਈ:

---

ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ
ਅਮ੍ਰਿਤਸਰ ਵਿਚ ਛਪੀ॥

ਦੂਜੀ ਵਾਰ ਤੈਦਾਦ ੧੦੦੦

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ॥

## ਧਾਰਨਾ, ਛੋਕ ਸਤਿਗੁਰ ਵਾਲੀ

ਟੇਕ—ਗੁਰੂ ਗੋਬਿੰਦ ਸਿੰਘ ਜੀ ਤੋਂ ਜਾਵਾਂ ਬਲਿਹਾਰ ਵੇ। ਧਰਮ ਤੋਂ ਵਾਰੇ ਜਿਸਨੇ ਲਾਲ ਨਿ ਚਾਰ ਵੇ॥ ਬੂਟੇ ਇਸ ਖਾਤਰ ਗੁਰੂ ਨਾਨਕ ਵਿਚ ਬਾਰ ਜੀ। ਰੋੜਾਂ ਤੇ ਸੁਤੇ ਕੀਤੇ ਅੱਕ ਅਹਾਰ ਜੀ। ਸੱਚਾ ਗੁਰ ਸੌਦਾ ਕੀਤਾ ਜਾਵਾਂ ਬਲਿਹਾਰ ਵੇ॥ ਚਪੇੜਾਂ ਇਸ ਬਦਲੇ ਸਚੇ ਸੌਦੇ ਸਨ ਖਾਧੀਆਂ। ਬਾਪੂ ਨੇ ਕੀਤੀ ਜਿਵੇਂ ਨਾਲ ਅਪਰਾਧੀਆਂ। ਓਹ ਕੀ ਜਾਣੇ ਭੋਲਾ ਨਾਨਕ ਦੀ ਸਾਰ ਵੇ॥ ਖੱਬੇ ਜੇ ਬਾਲਾ ਸੱਜੇ ਸੋਹੇ ਮਰਦਾਨਾਂ ਜੀ। ਹਿੰਦੂ ਤੇ ਮੁਸਲਮਾਨਾਂ ਇਕੋ ਕਰ ਜਾਨਾਂ ਜੀ। ਸਭਨਾਂ ਦਾ ਪਿਆਰਾ ਨਾਨਕ ਸਭਨਾਂ ਦਾ ਯਾਰ ਵੇ॥ ਸਾਕ ਸੰਬੰਧੀ ਸਾਰੇ ਵਹੁਟੀ ਤੇ ਬਾਲੜੇ। ਪਿਤਾ ਵੀ ਗੁਸੇ

Digitized by Panjab Digital Library | www.panjabdigilib.org

ਕੀਤਾ ਸਹੁਰੇ ਤੇ ਸਾਲੜੇ। ਏਕੋ ਰੀਝ ਇਆ ਸਤਿਗੁਰ ਵਾਲੀ ਕਰਤਾਰ ਵੇ। ਕਿਥੇ ਆਸਾ ਮ ਪਟਨਾਂ ਬਦਰੀ ਵੀ ਨਾਲ ਹੀ। ਤੁਰਨਾਂ ਵੀ ਪੈਦਲ ਹਾਇ ਰੇਲ ਨਾਂ ਰਾਲ ਸੀ। ਮੱਕਾ ਮਦੀਨਾ ਤਾਰੇ ਕਾਬਲ ਕੰਧਾਰ ਵੇ॥ ਜਾਂਇ ਸੁਲਤਾਨ ਪੁਰੇ ਸਤਿਗੁਰ ਮਹਾਰਾਜ ਜੀ। ਖੜੇ ਰਹੇ ਪਿਛੇ ਕਾਜੀ ਪੜ੍ਹੀਆ ਨਿਮਾਜ ਜੀ। ਕਹਿੰਦੇ ਛਡ ਪਾਜ ਕਾਜੀ ਘੋੜੀ ਨਾਂ ਚਾਰਵੇ॥ ਹਕ ਪ੍ਰਾਇਆ ਗਾਇ ਸੂਰ ਤੁਲ ਆਖਿਆ। ਭਾਗੋ ਦੇ ਘਰ ਦਾ ਭੋਜਨ ਤੁਦੇ ਨਾ ਚਾਖਿਆ। ਲਾਲੋ ਦੀ ਮਿਸੀ ਰੋਟੀ ਖਾਧੀ ਨਿਰੰਕਾਰ ਵੇ॥ ਲੋਧੀ ਨੇ ਸਤਿਗੁਰ ਭਾਂਈ ਕੈਦ ਚ ਕੀਤਾ ਜੀ। ਚੱਕੀ ਦਾ ਹਥਾ ਹਾਇ ਕਵਲਾਂ ( ਹਥਾਂ ) ਚਿ ਦੀਤਾ ਜੀ। ਓ●ਕ ਨੂ ਸੰਤ ਦੋਖੀ ਮੋਇਆ ਖਾਇ ਹਾਰ ਵੇ॥ ਅੰਤ ਦੇ ਵਲੇ ਵੇਖੋ ਸਤਿਗੁਰ ਕੀ ਭਾਇਆ ਜੀ। ਲੈਹਣੇ ਨੂ ਅੰਗਦ ਕੀਤਾ ਗੱਦੀ ਬਹਾਇਆ ਜੀ। ਪੁਤਰਾਂ ਦੇ ਨਾਲ ਕੀਤਾ ਨਹੀਂ ਓ ਪਿਆਰ ਵੇ॥ ਗੁਣਾਂ ਦੀ ਕਦਰ

Digitized by Panjab Digital Library | www.panjabdigilib.org

ਕਰਕੇ ਦਿਤੀ ਗੁਰ ਸਿਖਾ ਜੀ। ਮੋਮਨ ਤੇ ਹਿੰਦੂ ਬਾਹਮਣ ਸੂਦਰ ਸਭ ਇਕਾ ਜੀ। ਦੰਮ ਨਹੀਂ ਮਿਠਾ ਮਿਠਾ ਕੰਮ ਸੰਸਾਰ ਵੇ ॥ ਅੰਗਦ ਗੁਰ ਗੱਦੀ ਬੈਠੇ ਵੱਸਣ ਖਡੂਰ ਜੀ। ਮਾਦਰੀ ਬੋਲੀ ਕੀਤੀ ਉੱਨਤ ਜਰੂਰ ਜੀ। ਪੈਂਤੀ ਨੇ ਅੱਖਰ ਜਿਸਦੇ ਵਿਚ ਸ਼ੁਮਾਰ ਵੇ ॥ ਅਮਰੂ ਗੁਰ ਅੰਗਦ ਜੀਦੀ ਸੇਵਾ ਨਿੱਤ ਕਰਦਾ ਸੀ।ਪਾਣੀ ਦੁਆਰੇ ਢੋਂਦਾ ਬਣਿਆਂ ਸੀ ਬਰਦਾ ਸੀ। ਦੁਨੀਆਂ ਦੀ ਲਾਜ ਵਾਲੀ ਲੋਈ ਉਤਾਰ ਵੇ॥ ਇਕ ਦਿਨ ਲਈ ਔਂਦਾ ਗਾਗਰ ਪਾਣੀ ਦਰ ਯਾਓਂ ਜੀ। ਰਾਤ ਅੰਧੇਰੀ ਭਾਈ ਦਿਸੇ ਨਾਂ ਰਾਹੋਂ ਜੀ। ਖੱਡੀ ਜੁਲਾਹੇ ਦੀ ਢਿ ਡਿੱਗਾ ਮੂੰਹ ਭਾਰ ਵੇ। ਪੁਛੇ ਜੁਲਾਹਿਆ ਡਿੱਗਾ ਕੌਣ ਕੁਥਾਵਾਂ ਜੀ। ਆਖੇ ਜੁਲਾਹੀ ਹੋਸੀ ਅਮਰੂ ਨਿਥਾਵਾਂ ਹੀ। ਹੋਰ ਇਸ ਵੇਲੇ ਹੋਵੇ ਕੌਣ ਖੁਮਾਰ ਵੇ॥ ਦਿਨ ਜਾਂ ਚੜ੍ਹਿਆ ਗੁਰਾਂ ਵਿਥਿਆ ਇਹ ਸੁਣੀ ਜੀ।ਮੁਖੋਂ ਗੁਰ ਅੰਗਦ ਜੀ ਦੇ ਨਿਕਲੀ ਇਹ ਧੁਨੀ ਸੀ। ਨਿਥਾਂਵਿਆਂ

Digitized by Panjab Digital Library | www.panjabdigilib.org

ਦਾ ਥਾਂ ਹੋਸੀ ਅਮਰੂ ਸੰਸਾਰ ਵੋ॥ ਅਮਰਦਾਸ ਗੁਰ ਜਾਂ ਗਦੀ ਬਿਰਾਜੇ ਜੀ । ਦਰਸ਼ਨ ਨੂ ਆਏ ਬਹੁੰ ਰੰਕ ਤੇ ਰਾਜੇ ਜੀ। ਪੜਦੇ ਦੀ ਰੀਤ ਤੋੜੀ ਕੀਤਾ ਉਪਕਾਰ ਵੋ ॥ ਲੰਗਰ ਇਕ ਲਾਇਆ ਭਾਰੀ ਸਾਡੜੇ ਪੀਰ ਜੀ । ਬਾਹਮਣ ਤੇ ਸੂਦਰ ਛਕਦੇ ਰਲਕੇ ਖੰਡ ਖੀਰ ਜੀ। ਜਾਤ ਤੇ ਪਾਤ ਭ੍ਰਮ ਦਿਤਾ ਨਿਵਾਰ ਵੋ॥ ਲੰਗਰ ਦੀ ਸੇਵਾ ਗੁਰ ਜੀ ਹੱਥੀਂ ਕਮਾਂਵਦੇ। ਪੂਜਾ ਦਾ ਪੈਸਾ ਕਦਾ ਚਿਤ ਨਾ ਖਾਂਵਦੇ । ਵਾਣ ਸਨ ਵੱਟ ਖਾਂਦੇ ਦਸ ਨੌਂਹ ਦੀ ਕਾਰਵੋ॥ ਬੀਬੀ ਜਦ ਅਮਰੋ ਹੋਈ ਮੰਗਣ ਦੇ ਜੋਗ ਜੀ। ਆਪਣੀ ਹੱਥੀਂ ਗੁਰਾਂ ਲਧਾ ਸੰਜੋਗ ਜੀ। ਬ੍ਰਾਹ ਮਣ ਤੇ ਭ੍ਰਮਾਂ ਪਾਸੋਂ ਪਾਈ ਛੁਟਕਾਰ ਵੋ ॥ ਸਤਿਗੁਰ ਨੇ ਅਕਬਰ ਸ਼ਾਹ ਨੂ ਦਿੱਤਾ ਨਾ ਮਾਮਲਾ। ਕਹਿੰਦੇ ਨਹੀਂ ਭੈੜ ਦੇਣਾਂ ਅਸਾਂ ਨੇ ਧਾਮਲਾ । ਜਿਮੀ ਦਾ ਤੂ ਕੀ ਲੱਗੇਂ ਮਾਲਕ ਕਰਤਾਰ ਵੋ॥ ਦਾਤੂ ਨੇ ਲੱਤ ਮਾਰੀ ਭਾਹੜੀ ਮਰੋੜਕੇ । ਗੁਰਾਂ ਨੇ ਸਹਿ ਛਡੀ

Digitized by Panjab Digital Library | www.panjabdigilib.org

ਅਗੋਂ ਕਹਿੰਦੇ ਹਥ ਜੋੜਕੇ । ਨਿਕੀ ਜਿਹੀ ਇਕ ਮੇਰੀ ਸੁਣੋ ਗੁਫਤਾਰ ਵੇ ॥ ਬੁਢਾ ਸ੍ਰੀਰ ਮੇਰਾ ਕਮਜ਼ੋਰ ਜਿਉਂ ਲਕੜੀ।ਕੋਮਲ ਚਰਨਾਂ ਕਿਤੇ ਸਟ ਤਾਂ ਨਹੀਂ ਅਪੜੀ। ਮੰਗਦਾ ਹਾਂ ਮਾਫੀ ਹਥ ਜੋੜ ਸਰਕਾਰ ਵੇ ॥ ਅੰਤ ਦੇ ਵੇਲੇ ਸਤਿਗੁਰ ਸੰਗਤ ਬੁਲਾਈ ਜੀ। ਗਇਆ ਨਾਂ ਜਾਵੇ ਫੂਲ ਗੰਗਾ ਨਾ ਪਾਈ ਜੀ। ਰੋਣਾਂ ਨਹੀਂ ਪਿਛੇ ਮੇਰੇ ਸਿਮਰੋ ਨਿਰੰਕਾਰ ਵੇ ॥ ਚੌਥੇ ਗੁਰ ਬੈਠੇ ਗਾਦੀ ਪ੍ਰਾਣਾਂ ਤੋਂ ਪਿਆਰੜੇ । ਕੀਤਾ ਉਪਕਾਰ ਭਾਰੀ ਜਾਵਾਂ ਮੈਂ ਵਾਰਨੇ । ਰਹਿਆ ਬੈਕੁੰਠ ਹਰਿ ਮੰਦਰ ਦਰਬਾਰ ਵੇ ॥ ਸਮੇਂ ਨੇ ਫੇਰ ਭਾਹੜਾ ਉਲਟਾ ਹਨ ਗੇੜਿਆ। ਮੰਦਰ ਸੰਭਾਲਣ ਹੋਇਆ ਮੁਸ਼ਕਲ ਹਾਇ ! ਫੇੜਿਆ। ਹਾਇ ! ਕੀ ਕੈਹਰ ਹੋਇਆ ਭਾਣਾ ਕਰਤਾਰ ਵੇ॥ ਚੌਥੇ ਗੁਰ ਲਾਵਾਂ ਰਚਕੇ ਕੀਤਾ ਉਪਕਾਰ ਜੀ । ਉਤਮ ਵਿਵਾਹ ਦੀ ਰੀਤੀ ਕੀਤਾ ਉਪਕਾਰ ਜੀ । ਉਤਮ ਵਿਵਾਹ ਦੀ ਰੀਤੀ ਕੀਤੀ ਪ੍ਰਰਾਕ ਜੀ । ਗੁਰੂ ਉਪਕਾਰੀ

ਭਾਹੜਾ ਜਾਵਾਂ ਬਲਿਹਾਰ ਵੇ॥ ਪੰਚਵੇਂ ਗੁਰ
ਅਰਜਨ ਜੀ ਫਿਰ ਬੈਠ ਸਨ ਤਖਤ ਜੀ।ਪੰਥ
ਦੇ ਮਾਨੋ ਜਾਗੇ ਸੁਤੜੇ ਬਖਤ ( ਭਾਗ ) ਜੀ।
ਬਾਣੀ ਇਕਤਰ ਕੀਤੀ ਨਿੰਮਰਤਾ ਧਾਰ ਵੇ॥
ਆਦਿ ਗਰੰਥ ਰਚਿਆ ਗੁਰੂ ਮਹਾਰਾਜ ਜੀ।
ਕਲਜੁਗ ਤੋਂ ਤਾਰਨੇ ਨੂ ਮਾਨੋ ਜਹਾਜ ਜੀ।
ਕੀਤਾ ਤਿਆਰ ਭਾਹੜਾ ਕਸ਼ਟ ਸਹਾਰ ਵੇ॥
ਪਾਤਸ਼ਾਹ ਆਖੇ ਨਾਲੇ ਚੰਦੂ ਸੁਆਹੀ ਜੀ।
ਸਿਫਤ ਮੁਹੰਮਦ ਦਿਵੋ ਗ੍ਰੰਥ ਚੜ੍ਹਾਈ ਜੀ।
ਹਿੰਦੂ ਅਵਤਾਰਾਂ ਨੂੰ ਵੀ ਮਾਨੋ ਅਵਤਾਰ ਵੇ॥
ਗੁਰਾਂ ਨੇ ਕਿਹਾ ਬਾਣੀ ਧੁਰਦੀ ਇਹ ਆਈ
ਹੈ॥ ਜੀਵਾਂ ਦੀ ਸਗਲੀ ਜਿਸ ਨੇ ਚਿੰਤਾ ਮਿਟਾ
ਈ ਹੈ॥ ਲਗ ਨਾ ਮਾਤਰ ਕੰਨਾ ਬਦਲਾਂਗਾ
ਯਾਰ ਵੇ॥ ਤੱਤੀਆਂ ਰੇਤਾਂ ਉੱਤੇ ਉਬਲ ਦੇ
ਪਾਣੀਆਂ। ਬੈਠਾ ਗੁਰ ਅਰਜਨ ਜੋਗੀ ਗਾਂਵ
ਦਾ ਬਾਣੀਆਂ। ਹਾਇ ਓਹ ਭਾਹੜਾ ਹੋਸੀ
ਕਹਰ ਕਹਾਰ ਵੇ॥ ਉਬਲਦਾ ਪਾਣੀ ਤੱਤੀ
ਰੇਤ ਸਹਾਰਿਆ। ਸੀਸ ਦੇ ਦਿਤਾ ਪਰ ਬਚਨ

Digitized by Panjab Digital Library | www.panjabdigilib.org

ਨਾ ਹਾਰਿਆ। ਬਾਣੀ ਨਿਰੋਲ ਰੱਖੀ ਜੱਮ ਨਿਰੈ
ਕਾਰ ਵੇ॥ ਹਰਿ ਗੋਬਿੰਦ ਸਤਿਗੁਰ ਛੇਵੀਂ
ਪਤਸ਼ਾਹੀਏ । ਜੁਲਮ ਹਟੌਣ ਬਦਲੇ ਤੇਗ
ਉਠਾਈਏ। ਜੋਗ ਦੇ ਨਾਲ ਲੀਤਾ ਰਾਜ ਵੀ
ਧਾਰ ਵੇ ॥ ਹਰੀ ਫਿਰ ਰਾਇ ਗੁਰੂ ਤਖਤ
ਬਿਰਾਜੇ ਜੀ। ਮੂਹੜਾਂ ਨੂ ਪੰਡਤ ਕੀਤਾ ਰੰਕਾ
ਤੋਂ ਰਾਜੇ ਜੀ। ਫੁਲ ਤਾ ਬੰਸ ਸਤਿਗੁਰ ਦਿੱਤੀ
ਆ ਤਾਰ ਵੇ॥ ਹਰੀ ਕ੍ਰਿਸ਼ਨ ਸਤਿਗੁਰ ਛੋਟੇ
ਹੀ ਬਾਲਿਆ। ਜਾਲਮ ਨੂ ਦਰਸ਼ਨ ਨਾਹੀਂ
ਮੂਲੀ ਦਿਖਾਲਿਆ। ਪੁਜਦਿਆਂ ਦਿੱਲੀ ਗੁਰ
ਪੁਰ ਗਏ ਪਧਾਰ ਵੇ॥ ਬੈਠਾ ਫਿਰ ਤਖਤ
ਸੱਚਾ ਤੇਗ ਬਹਾਦਰੇ। ਨਾਮ ਹੈ ਦੂਜਾ ਜਿਸਦਾ
ਹਿੰਦ ਦੀ ਚਾਦਰੇ। ਵੱਡਾ ਤਿਆਗੀ ਵਿਚੋਂ
ਸਾਰੇ ਸੰਸਾਰ ਵੇ॥ ਇਕ ਦਿਨ ਸਨ ਬੈਠੇ ਸੁ
ਆਮੀ ਬਾਗ ਵਿਚਕਾਰੜੇ । ਦੇਖਨ ਕੀ ਸਾਹ
ਮਣੇ ਕਿ ਪੰਡਤ ਬਹੁ ਸਾਰੜੇ। ਟੁਟੇ ਹਰਾਸ
ਕੀਤੀ ਨਿਮਸ ਆਕਾਰ ਵੇ॥ ਸ਼ਕਲ ਬਨਾਈ
ਹੋਈ ਮਾਂ ਪਿਉ ਜਿਉਂ ਮੋਏ ਜੀ । ਗੁਰੂ ਜੀ

Digitized by Panjab Digital Library | www.panjabdigilib.org

ਪੁਛਣ ਭੁਸੀ ਸਹਿਮੇ ਕਿਉਂ ਹੋਏ ਜੀ। ਭੁਬੀਂ ਤਦ ਭੁਬੀਂ ਰੋਏ ਕੀਤੀ ਪੁਕਾਰ ਵੇ॥ ਸਤਿਗੁਰਾ ਜ਼ਾਲਮਾਂ ਨੇ ਬਹੁਤ ਸਤਾਇਆ ਹੈ। ਨੂੰਹਾਂ ਨੀ ਧੀਆਂ ਲੈ ਗਏ ਮਾਲ ਮਤਾਇਆ ਹੈ। ਮੂੰਹ ਚਿ ਥੁਕਣ ਕਹਿੰਦੇ ਕਾਫਰ ਦਿਓ ਮਾਰ ਵੇ॥ ਬ੍ਰਹਮਾ ਤੇ ਸ਼ਿਵਜੀ ਦੇਵੀ ਕ੍ਰਿਸ਼ਨ ਮੁਰਾਰੇਨੀਂ। ਰਾਮ ਤੇ ਲਛਮਨ ਸੁਤੇ ਜਾਇ ਪਹਾਰੇ ਨੀਂ। ਕਿਸੇ ਨਹੀਂ ਹੂ ਕੀਤੀ ਵਾਜਾਂ ਰਹੇ ਮਾਰ ਵੇ॥ ਸਭਨੀ ਹੁਣ ਥੱਕੀਂ ਗੁਰ ਜੀ ਤੈਨੂੰ ਹੀ ਜਾਣਿਆਂ। ਮਾਂ ਪਿਉ ਭੈਣਾ ਭਾਈ ਤੈਨੂ ਪਛਾਣਿਆਂ। ਤੂ ਹੈਂ ਹੀ ਦਰਦੀ ਸਾਡਾ ਤੂਹੀਂ ਕਰਤਾਰ ਵੇ॥ ਸੁਣਕੇ ਇਹ ਕੀਰਨੇ ਤ ਦੁਖਾਂ ਦੀਆਂ ਘਾਣੀਆਂ। ਸਤਿਗੁਰ ਦੇ ਨੈਣੀ ਭਰ ਆਇਆ ਈ ਪਾਣੀਆਂ। ਦੀਨਾਂ ਦਾ ਦੁਖ ਸਕੇ ਨਾਹਿ ਸਹਾਰ ਵੇ॥ ਇਸੇ ਹੀ ਹਾਲ ਸਤਿਗੁਰ ਬੈਠੇ ਸਨ ਪਿਆਰੇ ਜੀ। ਆਏ ਗੋਬਿੰਦ ਸਿੰਘ ਜੀ ਗੁਰ ਦੇ ਦੁਲਾਰੇ ਜੀ। ਉਮਰ ਦਾ ਬਾਲ ਛੋਟਾ ਹੋਣ ਪਰ ਹਾਰ ਵੇ॥ ਵਖਕੇ ਪਿਤਾ ਜੀ ਦਾ ਚਿਹਰਾ

Digitized by Panjab Digital Library | www.panjabdigilib.org

ਕੁਮਲਾਣਾ ਜੀ। ਨਿਕੇ ਨਿਕੇ ਹੱਥ ਜੋੜ ਅਰ ਜ਼ ਵਖਾਣਾ ਜੀ। ਕਿਉਂ ਹੋ ਉਦਾਸ ਬੈਠੇ ਅੱਜ ਨਿਰੰਕਾਰ ਵੋ॥ ਗੁਰਾਂ ਨੇ ਕਿਹਾ ਖੇਡੋ ਬਾਲ ਤੇ ਲਾਲ ਜੀ। ਤੈਨੂ ਕੀ ਲਗੇ ਏਨਾਂ ਗਲਾਂ ਦੇ ਨਾਲ ਜੀ। ਬੇਟਾ ਪਰ ਆਖੇ ਏਹੋ ਦਸੋ ਮੋਹਿ ਸਾਰ ਵੋ॥ ਗੁਰਾਂ ਫਿਰ ਕਿਹਾ ਸੁਣ ਲੈ ਮਮ ਦੁਲਾਰਿਆ। ਪਰਜਾ ਏਹ ਦੁਖੀ ਡਾਹਢੀ ਅਤ ਲਾਚਾਰਿਆ। ਦੁਖ ਨਾ ਸਕਾਂ ਹਾਇ ਦੀਨਾਂ ਸਰਾਰ ਵੋ॥ ਬੇਟੇ ਨੇ ਕਿਹਾ ਹੋਕੇ ਸਨਮੁਖ ਹਜੂਰ ਜੀ। ਇਹਨਾਂ ਦਾ ਦੁਖ ਹੋਸੀ ਕਿਵੇਂ ਹੁਣ ਦੂਰ ਜੀ। ਦੱਸੋ ਉਪਾ ਕੀ ਕਰੀਏ ਬਚੇ ਬੀਮਾਰ ਵੋ॥ ਸਤਿਗੁਰ ਨੇ ਕਿਹਾ ਅਗੋਂ ਦੁਖ ਏਹ ਭਾਰੜਾ। ਕਟਿਆ ਤਾਂ ਜਾਊ ਕੋਈ ਨਿਤਰੇ ਪਿਆਰੜਾ। ਸੀਸ ਮਹਾਂ ਪੁਰਖ ਆਪ ਨਾ ਦੇਵੇ ਕੋ ਵਾਰ ਵੋ॥ ਬੋਲਿਆ ਬਾਲਕ ਅਗੋਂ ਸੁਣੋ ਕੀ ਲਾਲ ਜੀ। ਮਿਲਦੀ ਮਿਸਾਲ ਨਾਹੀਂ ਭਾਵੇਂ ਕਰਭਾਲ ਜੀ। ਐਹੋ ਜੇਹੇ ਬਾਲ ਕ ਜੰਮਣ ਵਾਰ ਨਾ ਵਾਰ ਵੋ॥ ਪਿਤਾ ਨੂ ਆਖੇ

Digitized by Panjab Digital Library | www.panjabdigilib.org

ਮੇਰੇ ਪ੍ਰਾਣਾਂ ਤੋਂ ਪਿਆਰਿਆ। ਮਹਾਂ ਪੁਰਖ ਵੀ
ਮੈਂ ਤੈਨੂੰ ਚਿਤਾਰਿਆ। ਸਾਧ ਮਹਾਤਮਾ ਬੀ
ਤੂਹੀਂ ਸਰਦਾਰ ਵੇ ॥ ਤੇਗ ਬਹਾਦਰ ਤੇਰਾ
ਨਾਮ ਹੈ ਨਾਲੇ ਜੀ। ਨਾਮ ਦੀ ਲਾਜ ਕੋਈ
ਸੂਰਮਾਂ ਪਾਲੇ ਜੀ। ਸੀਸ ਮੁਬਾਰਿਕ ਅਪਣਾ
ਦੇਬੋ ਗੁਰ ਵਾਰਵੇ॥ ਸੁਣਕੇ ਇਹ ਬਚਨ ਸਤਿ
ਗੁਰ ਹੋਇ ਨਿਹਾਲ ਜੀ। ਕਹਿੰਦੇ ਨਹੀਂ
ਬਾਲ ਇਹ ਤਾਂ ਕੋਈ ਏ ਲਾਲ ਜੀ।
ਪੁੰਜ ਕੁਰਬਾਨੀ ਦਾ ਤੂੰ ਦੁਖੀਆਂ ਦਾ ਯਾਰ ਵੇ ॥
ਹੋਕ ਨਿਹਾਲ ਸਤਿਗੁਰ ਬਚਨ ਉਚਰੇ ਜੀ।
ਜਾਵੋ ਕਸ਼ਮੀਰ ਨੂੰ ਜੀ ਪੰਡਤੋ ਸਾਰੇ ਜੀ।
ਜਾਓ ਸੰਭਾਲੋ ਅਪਣੋ ਬਾਗ ਪ੍ਰਵਾਰ ਵੇ॥ ਆਖੋ
ਔਰੰਗੇ ਨੂੰ ਕੋਈ ਜਾਓ ਪਿਆਰੜਾ। ਤੇਗ
ਬਹਾਦਰ ਸਾਡਾ ਪੀਰ ਹੈ ਭਾਰੜਾ। ਪੀਰ ਜੇ
ਮੁਸਲਮ ਹੋਵੇ ਅਸੀਂ ਤਿਆਰ ਵੇ ॥ ਸੁਣਕੇ
ਇਹ ਖਬਰ ਔਰੰਗ ਜੇਬ ਲਲ ਚਾਇਆ ਜੀ।
ਤੇਗ ਬਹਾਦਰ ਗੁਰ ਨੂੰ ਦਿੱਲੀ ਬੁਲਾ ਵਾਇਆ
ਜੀ। ਦੀਨ ਕਬੂਲੋ ਆਖੇ ਜੀਵੋ ਸੰਸਾਰ ਵੇ ॥

Digitized by Panjab Digital Library | www.panjabdigilib.org

ਗੁਰ ਜੀ ਨੇ ਕਿਹਾ ਭੋਲੇ ਪਾਤਸ਼ਾਹ ਭੂਤ ਨੇ ॥ ਹਿੰਦੂ ਤੇ ਮੋਮਨ ਦੋਵੇਂ ਇਕੋ ਹੀ ਸੂਤ ਨੇ। ਐਵੇਂ ਉਲਝਾ ਨਾ ਤਾਣਾ ਹੋਸ਼ ਸੰਭਾਰ ਵੇ ॥ ਕਿਹਾ ਔਰੰਗੇ ਚੱਲਾ ਦੋਵੇਂ ਨੀ ਧਾਰ ਜੀ। ਦੀਨ ਕਬੂਲੋ ਨਹੀਂ ਸੂਾਰੇ ਤਲਵਾਰ ਜੀ। ਕੀਤਾ ਗੁਰ ਸੀਸ ਅੱਗੋ ਜਲਦੀ ਉਤਾਰਵੇ ॥ ਹੈ ਹੈ ਇਸ ਜਗ ਭਇਓ ਜੈ ਜੈ ਸੁਰ ਲੋਕ ਜੀ। ਦੇਖ ਇਹ ਕਹਿਰ ਡਾਹਢਾ ਜਾਗੇ ਸਨ ਲੋਕ ਜੀ। ਜੁਲਮ ਦਾ ਰਾਜ ਪਿਛੋਂ ਰਿਹਾ ਦਿਨ ਚਾਰ ਵੇ ॥ ਬਾਲਕ ਅਨੋਖਾ ਦਸਵਾਂ ਸਤਿਗੁਰ ਪਿਆਰਿਓ। ਆਪਣਾ ਪਿਤਾ ਛੋਟੀ ਉਮਰੇ ਜਿਸ ਵਾਰਿਓ। ਕਥਾ ਜਵਾਨੀ ਦੀ ਵੀ ਸੁਣ ਲੌ ਹੁਣ ਧਾਰ ਵੇ ॥ ਵਿਦਿਆ ਤੇ ਕਵਿਤਾ ਸਤਿਗੁਰ ਧਰਮਦਾ ਪੁਤਲਾ ਸੀ। ਸ਼ਸਤ੍ਰ ਦਾ ਧਨੀ ਨਾਲੇ ਗੁਣਾਂਦਾ ਗੁਥਲਾ ਸੀ। ਦੇਸ਼ ਦਾ ਗੁਰ ਜੀ ਸੀ ਬਹੁਤ ਪਿਆਰ ਵੇ ॥ ਛਡ ਅਨੰਦ ਪੁਰ ਗੁਰ ਜੀ ਨਿਕਲੇ ਜਾਂ ਬਾਹਰ ਜੀ। ਸਣੇ ਅਜੀਤ ਸਿੰਘ ਤੇ ਸਿੰਘ ਜੁਝਾਰ ਜੀ। ਵਿਛੜ

Digitized by Panjab Digital Library | www.panjabdigilib.org

ਗਏ ਨਾਲੋਂ ਪਣ ਸਾਰੇ ਪ੍ਰਵਾਰ ਵੇ । ਜ਼ਾਲ
ਮਾਂ ਪਿਛਾ ਕੀਤਾ ਝ੍ਹਾਹਡਾ ਕੜਾਕੇ ਦਾ ।ਤੇਗ਼ੀਆਂ
ਜਿੰਦਾ ਦੂਜਾ ਦੁਖ ਸੀ ਫਾਕੇ ਦਾ । ਸਮਾ ਹੁਣ
ਬਿਖੜਾ ਪਿਛੋਂ ਤੀਰਾਂ ਦੀ ਮਾਰ ਵੇ ॥ ਸਿੰਘ
ਅਜੀਤ ਮੰਗੀ ਲੜਨ ਦੀ ਆਗਿਆ । ਗੁਰ
ਜੀ ਨੇ ਕਿਹਾ ਬੇਸ਼ਕ ਖੇਡੋ ਤੁਮ ਫਾਗ ਜਾ ।
ਸੂਰਮੇ ਬਾਲ ਹੱਥ ਫੜੀਆ ਤਲਵਾਰ ਵੇ ॥
ਰਣ ਵਿਚ ਜਾਇ ਮਾਰੇ ਕਈ ਬਪੀਰ ਜੀ ।
ਪਿਛੋਂ ਲਗੇ ਆਪਨੂ ਵੀ ਸੀਨੇ ਵਿਚ ਤੀਰ ਜੀ।
ਹੋਏ ਸ਼ਹੀਦ ਵਾਹਵਾ ਰਣਵਿਚਕਾਰ ਵੇ ॥ ਚੰਦ
ਅਜੀਤ ਸਿੰਘ ਤਾਰਾ ਜਝਾਰ ਜੀ । ਚੰਦ ਦੇ
ਚਮਕਣ ਮਗਰੋਂ ਖਾਧੀਆ ਖਾਰ ਜੀ । ਤਾਰਾ
ਹੁਣ ਵੇਖੋ ਲਾਵੇ ਕੇਹੀ ਬਹਾਰ ਵੇ ॥ ਆਗਿਆ
ਮੰਗੀ ਜਦੋਂ ਨਿਕੇ ਜਿਹੇ ਕਿਹਰੇ ਜੀ।ਸਤਿਗੁਰ
ਨੇ ਹੱਥੀਂ ਉਸਦੇ ਬਧੇ ਸਿਰ ਸੇਹਰੇ ਜੀ। ਲਾੜੇ
ਨੂ ਕੀੜਾ ਘੋੜੀ ਮੌਤ ਸਵਾਰ ਵੇ ॥ ਨਿਕਾ
ਸਿਪਾਹੀ ਜਾਇ ਵੜਿਆ ਮੈਦਾਨ ਜੀ । ਰਣ
ਵਿਚ ਕਈਆਂ ਸੰਦੇ ਲਾਹਿਓ ਸੁ ਘਾਣ ਜੀ ।

Digitized by Panjab Digital Library | www.panjabdigilib.org

ਥਕ ਕੇ ਪਿਆਸ ਲਗੀ ਡਾਹਢੀ ਉਸ ਯਾਰ ਵੋ॥ ਡਾਢੀ ਪਿਆਸ ਕਰਕੇ ਰਹਿ ਨਾਂ ਹੰਗਿਆ। ਆਪਨੇ ਬਾਪੂ ਪਾਸੋਂ ਪਾਣੀ ਆਇ ਮੰਗਿਆ। ਬਾਪੂ ਜੀ ਕਹਿੰਦੇ ਸੁਣੋ ਅਗੋਂ ਕੀ ਯਾਰ ਵੋ॥ ਛਡਦੇ ਹਣ ਪੂਤਾ ਆਸਾਂ ਪਾਣੀ ਜਗ ਵਾਲੀਆਂ। ਪੀਓ ਪ੍ਰਭ ਚਰਣਾਂਮ੍ਰਿਤ ਭਰ ਭਰ ਪਿਆਲੀਆਂ। ਪਾਸ ਅਜੀਤ ਸਿੰਘ ਦੇ ਧਰਿਆ ਜਲ੍ਹਾਰ ਵੋ॥ ਅਖੀਆਂ ਦਾ ਨੂਰ ਮੇਰਾ ਸਿੰਘ ਜੁਝਾਰ ਜੀ। ਸੁਕੇ ਹੀ ਸੰਘ ਭੁਜਾ ਰਣ ਨੂੰ ਦੁਬਾਰਾ ਜੀ। ਤਿਹਾਏ ਨੇ ਸੀਸ ਦਿਤਾ ਕਈਆਂ ਨੂੰ ਮਾਰ ਵੋ॥ ਸੂਰਮੇ ਦੋਵੇਂ ਖੇਲ ਚੁਕੇ ਜਾਂ ਹੋਲੀਆਂ। ਸਤਿਗੁਰ ਨੇ ਸੁਕਰ ਦੀਆਂ ਅੱਖੀਂ ਤਾਂ ਖੋਲੀਆਂ। ਕਹਿੰਦੇ ਹੇ ਵਾਹਿਗੁਰੂ ਤੇਰਾ ਲਥਾ ਸਿਰੋਂ ਭਾਰ ਵੋ॥ ਦੂਸਰੇ ਪਾਸੇ ਗੁਜਰੀ ਮਾਤਾ ਹਮਾਰੀ ਜੀ। ਨਾਲ ਦੋ ਸਾਹਿਬ ਜਾਦੇ ਛੋਟੇ ਵਿਚਾਰੀ ਜੀ। † ਖੇੜੀ ਜਾਇ ਪੁਜੀ ਰਾਤੀਂ ਅੰਧ ਅੰਧ ਰਾਵੋ ॥ ਗੰਗੂ ਰਸੋਈਆ

---

† ਗੰਗੂ ਰਸੋਈਏ ਦਾ ਪਿੰਡ

Digitized by Panjab Digital Library | www.panjabdigilib.org

ਬਾਹਮਣ ਲੈਗਿਆ ਨਾਲ ਜੀ। ਵੇਖਕੇ ਖਵਰੇ ਮਾਤਾ ਕੋਲ ਜੋ ਮਾਲ ਸੀ।ਆਪਣ ਘਰ ਵਿਚ ਦਿਤਾ ਓਹਨਾਂ ਉਤਾਰ ਵੇ॥ ਅਖ ਜਾਂ ਮਾਤਾ ਜੀ ਦੀ ਲਗੀ ਅਖ ਨਾਲ ਜੀ। ਮਾਲ ਜੋ ਸੀਗਾ ਗੰਗੂ ਚੰਡਾਲ ਜੀ। ਸੰਨ੍ਹ ਲਾਇ ਆਪੇ ਪਿਛੋਂ ਪਾਈ ਚਾ ਵਾਹ੍ਰ ਵੇ॥ ਮਾਤਾ ਕਹੇ ਗੰਢੜੀ ਮੇਰੀ ਥਕੀ ਮੈਂ ਭਾਲਕੇ। ਰਖ ਈ ਛਡੀ ਸਗੋਂ ਕਿਤੇ ਸੰਭਾਲਕੇ। ਚੋਰ ਤਾ ਗੰਗੂ ਨਾਹੀਂ ਆਇਆ ਇਸ ਬਾਰ ਵੇ॥ ਸੁਣਕੇ ਚੰਡਾਲ ਗੰਗੂ ਹੋਇਆ ਭਬਾਕਾ ਜੀ। ਸੂਬੇ ਸਿਰਹਿੰਦ ਤਾਂਈ ਹਾਲ ਜਾਇ ਭਾਖਾ ਜੀ। ਆਇਕੇ ਕੜ ਲਏ ਜਿੰਨਾਂ ਮਾਤਾ ਤੇ ਬਾਲ ਵੇ॥ ਜੋਰਾਵਰ ਫਤੇਸਿੰਘ ਜੀ ਨਿਕੇ ਨਿਕੇ ਬਾਲ ਜੀ। ਝਖੜ ਤੇ ਪੈਂਡੇ ਮਾਰੇ ਬਾਪੂ ਨਾ ਨਾਲ ਸੀ। ਜਾਲਮ ਦੇ ਪੇਸ਼ ਹਾਇ ਹੋਏ ਦਰਬਾਰ ਵੇ॥ ਆਖਦਾ ਨਾਜਿਮ ਹੋਜੋ ਮੁਸਲ ਤੁਮ ਮਾਨ ਜੀ। ਬਗਮਾ ਮਾਣੋ ਵਸੋ ਸੁਖੀ ਜਹਾਨ ਜੀ। ਰਾਜ ਤੇ ਮਿਲਖਾਂ ਮਾਂਭੋ ਲੁਟੋ ਬਹਾਰ ਵੇ॥ ਕਹਿੰਦੇ ਸ਼ਾਹਜ਼ਾਦੇ

Digitized by Panjab Digital Library | www.panjabdigilib.org

ਕਾਹਨੂ ਕੁਫਰ ਹੈਂ ਤੋਲਦਾ। ਰਬਾ ਹੈ ਸਭਨਾਂ ਅੰਦਰ ਇਕੋ ਹੀ ਬੋਲਦਾ। ਭਰਮ ਦਾ ਭੂਤ ਤੇਰੇ ਸਿਰ ਤੇ ਸਵਾਰ ਵੇ ॥ ਰਾਜ ਤੇ ਬੇਗਮਾਂ ਨੂ ਅਸੀਂ ਕੀ ਜਾਣੀਏ। ਮਿਲਖਾ ਦੇ ਸਾਰੇ ਧੰਦੇ ਕੂੜੇ ਪਛਾਣੀਏ। ਮੌਤ ਨੇ ਨਾਜ਼ਿਮ ਇਕ ਦਿਨ ਕਰਨਾ ਖੁਆਰ ਵੇ ॥ ਅਤ ਦਾ ਵੈਰੀ ਬਣਨਾ ਸੂਰੇ ਦੀ ਆਣ ਹੈ। ਧਰਮ ਤੋਂ ਕਰਨਾ ਅਸਾਂ ਸੀਸ ਕੁਰਬਾਣ ਹੈ। ਮੁਸਲਮ ਨਾ ਹੋਈਏ ਚਾਹੇ ਰਖ ਕਿ ਮਾਰ ਵੇ ॥ ਸੂਬੇ ਦਾ ਹਾਇ ਖਬਰੇ ਚਿਤ ਕਠੋਰ ਸੀ। ਹੀਰਿਆਂ ਲਾਲਾਂ ਪਾਈ ਕਦਰ ਨਾ ਢੋਰ ਜੀ। ਦਬ ਹਾਇ ਲਾਲ ਅੰਧੇ ਕੋਟ ਉਸਾਰ ਵੇ ॥ ਸੁਣਕੇ ਇਹ ਖਬਰ ਮਾਤਾ ਗੁਜਰੀ ਪਿਆਰੀ ਜੀ। ਕਿਲੇ ਚਿ ਕੈਦ ਸੀ ਜੋ ਦੁਖਾਂ ਦੀ ਮਾਰੀ ਜੀ। ਆਖਦੀ ਸ਼ੁਕਰ ਤੇਰਾ ਮੇਰੇ ਕਰਤਾਰ ਵੇ ॥ ਕਰਦੀ ਏ ਸ਼ੁਕਰ ਮਾਤਾ ਲਖ ਜ਼ਬਾਨ ਜੀ। ਸਫਲ ਸੰਤਾਨ ਹੋਈ ਅਜ ਜਹਾਨ ਜੀ। ਕੇਸੀਂ ਸਵਾਸੀਂ ਨਿਭੀ ਸਿਖੀ ਦੀ ਕਾਰ ਵੇ ॥

Digitized by Panjab Digital Library | www.panjabdigilib.org

ਖਬਰਾਂ ਸਭ ਸੁਣਕੇ ਕਰਦੇ ਸ਼ੁਕਰ ਅਕਾਲ
ਜਾ। ਪਹੁੰਚੇ ਗੁਰ ਗੋਬਿੰਦਸਿੰਘ ਜੀ ਮਹਲੀਂ
ਜਿਸ ਕਾਲਜੀ। ਕਿਥੇ ਗਏ ਪੁਤਰ ਪੁਛਣ
ਮਹਲ ਨਿਰੰਕਾਰ ਵੋ॥ ਕਹਿੰਦੇ ਨੀ ਸਤਿਗੁਰ
ਇਹਨਾਂ ਪੁਤਰਾਂ ਤੋਂ ਵਾਰੇ ਜੀ। ਹੋਇਆ ਫਿਰ
ਕੀ ਜੇਕਰ ਚਾਰੇ ਗਏ ਮਾਰੇ ਜੀ। ਵੇਖ ਖਾਂ
ਜੀਉਂਦੇ ਨੀ ਇਹ ਲਖ ਹਜਾਰ ਵੋ॥ ਐਹੋ
ਜਿਹਾ ਸਤਿਗੁਰ ਵੀਰੋ ਕਦੇ ਨਾ ਤਜੀਏ। ਓਸ
ਦੇ ਛੋਲੇ ਸਦਾ ਗੌਂਦੇ ਨਾ ਰਜੀਏ। ਸੰਮੀ ਮੈਂ
ਹੋਈ ਵੇਲਾ ਮੇਰਾ ਗੁਰ ਯਾਰ ਵੋ॥ ਵਾਰਕੇ
ਪਿਤਾ ਪੁਤਰ ਮਾਤਾ ਵੀ ਪਿਛੋਂ ਜੀ। ਆਪ
ਗੁਰ ਕੀ ਫਿਰ ਕੀਤਾ ਹਾਇ ਨਾਂ ਪੁਛੇ ਜੀ।
ਆਪਣੇ ਪੇਟ ਹਾਇ ਖਾਧੀ ਕਟਾਰ ਵੋ॥ ਵਡੇ
ਨੀ ਪਿਛੇ ਵਾਲੀਏ ਸੁਤੀਏ ਕੌਮੇਂ ਨੀ। ਧਿਆ
ਨ ਕਰ ਗੁਰ ਵਲ ਜਰਾ ਬੈਠੀ ਕਿਉਂ ਸੋਹਮੇਨੀ
ਚੇਤੇ ਕਰ ਨਾਲ ਗੁਰ ਜੋ ਕੀਤੇ ਇਕਰਾਰ ਵੋ॥
ਅੰਮ੍ਰਿਤ ਛਕੌਣੋ ਪਹਿਲਾਂ ਤੇਗ ਕਢ ਤਿਖੀਜੀ।
ਸਤਿਗੁਰ ਫੁਰਮਾਇਆ ਸਿਖੀ ਖੰਡਿਓਂ ਤਿਖੀ

Digitized by Panjab Digital Library | www.panjabdigilib.org

ਜੀ। ਐਵੇਂ ਨਾ ਫਸਿਓ ਭਾਈ ਸੌਖੀ ਨਹੀਂ ਕਾਰ ਵੋ॥ ਮਰਨ ਕਬੂਲ ਪਹਿਲਾਂ ਜੀਵਣ ਛਡ ਆਸ ਜੀ। ਸਗਲ ਦੀ ਰੇਣ(ਧੂੜ)ਹੋਇ ਆਓ ਮਮ ਪਾਸ ਜੀ। ਆਸਾਂ ਤੋ ਲਜਾਂ ਆਓ ਤਜ ਵਿਕਾਰ ਵੋ॥ ਪ੍ਰੇਮ ਜੇ ਖੇਲਣ ਸੰਦਾ ਤੈਨੂ ਹੈ ਚਾਓ ਜੀ। ਸਿਰ ਧਰ ਤਲੀ ਮੇਰੀ ਗਲੀ ਤਾਂ ਆਓ ਜੀ। ਕਾਨ ਨਾਂ ਕੀਜੇ ਇਸ ਮਾਰਗ ਪਗ ਧਾਰ ਵੋ॥ ।ਸੰਘੋ ਬਸ ਸਾਡਾ ਹੋਵੇ ਧਰਮ ਜਗ ਸੇਵਾ ਜੀ। ਟੋਹਲ ਨੂ ਮਹਲ ਲਗੇਸਵਾਂ ਨੂ ਮੇਵਾ ਜੀ। ਟੈਹਲ ਹੀ ਸਾਡਾ ਵਡਾ ਹੈ ਬੀ ਵਾਪਾਰ ਵੋ॥ ਦੀਨਾਂ ਦੀ ਰਖਿਆ ਬਦਲੇ ਸਿਖੀ ਤੈਂ ਧਾਰੀ ਸੀ। ਗਊਆਂ ਗਰੀਬਾਂ ਦਾ ਤੂ ਕ੍ਰਿਸ਼ਨ ਮੁਰਾਰੀ ਸੀ। ਹੁਣ ਤਾ ਪਰ ਕਾਨਾ ਬਿੰਦਰਾ ਬਨ ਪਈ ਉਜਾੜ ਵੋ॥ ਹੋਰਾਂ ਦੀ ਰਾਖੀ ਤਾਂ ਭਲਾ ਰਹੀਆ ਇਕ ਪਾਸੜੇ। ਆਪਣਾ ਪੰਥ ਤੇਰਾ ਅੰਤ ਦੇ ਸਾਸੜੇ। ਵਾਹਵਾ ਤੈਂ ਰਾਖੇ ਵਾਹਵਾ ਲਾਈਆ ਬਹਾਰ ਵੋ॥ ਗੁਰ ਜੀ ਨੇ ਤੈਨੂ ਡਾਕਦਾਰ ਬਨਾਇਆ ਸੀ। ਰੋਗੀ

Digitized by Panjab Digital Library | www.panjabdigilib.org

ਜੋ ਆਵੇ ਡੇਰੇ ਰਾਜੀ ਕਰਾਇਆ ਜੀ। ਬਗਚਾ
ਦਵਾਈਆਂ ਦਾ ਹੁਣ ਕਿਤੇ ਬੀ ਯਾਰ ਵੇ ॥
ਮੁਗ਼ਲਾਂਦੀ ਡਾਕੀ ਮਗਰੋਂ ਸੋਹਣੀ ਇਕ ਸੂਰਤ
ਨੇ। ਡੇਰੇ ਆ ਲਾਏ ਏਥੇ ਮੋਹਣੀ ਜਿਹੀ ਮੂਰਤ
ਨੇ। ਪਰੀਆਂ ਸੀ ਵਾਲੀ ਓਹਦੀ ਸਾਰੀ ਨੁਹਾਰ
ਵੇ ॥ ਸਿਖਾਂ ਦੇ ਰਾਜ ਰੂਪੀ ਮੋਹਣਾ ਹਾਇ ਪਰੀ ਜੀ।
ਹਰੀ ਅੰਗੂਰੀ ਸਿਖੀ ਪੰਥ ਦੀ ਚਰੀ ਜੀ। ਸ਼ੇਖੀ
ਹੁਣ ਖੋਰੇ ਹੋਏ ਭੁਲਾ ਨਿਰੰਕਾਰ ਵੇ॥ ਓਸ ਦੀ
ਸੂਰਤ ਉਤ ਡਾਕਟਰ ਭੁਲ ਗਿਆ। ਮਿਟੀ
ਦੀ ਮੂਰਤ ਉਤੇ ਹਾਇ ਓਹ ਡੁਲ੍ਹ ਪਿਆ।
ਫੜ ਲਈ ਓਹ ਨਾਰ ਪਿਛੋਂ ਨਿਕਲੀ ਬਦਕਾ
ਰ ਜੋ ॥ ਨਾਰ ਓਹ ਨਹੀਂ ਸੀ ਹਾਇ ਪਰੀ
ਓਹ ਕੋਈ ਸੀ। ਬੁਗਚਾ ਦਵਾਈਆਂ ਦਾ ਹਾਇ
ਲੈ ਗਈ ਓਹ ਮੋਈ ਜੀ। ਡਾਕਟਰ ਬਿਰਹੋਂ
ਅੰਦਰ ਹੋਇਆ ਬੀਮਾਰ ਵੇ ॥ ਮੋਹਣੀ ਉਸ
ਮਾਈ ਦੇ ਸਿਰ ਪਾਓ ਵਿਆਹ ਜੀ। 'ਨਾਨਕ
ਨਾਮ ਰਤੇ' ਸਚੇ 'ਪਾਤਸ਼ਾਹ' ਜੀ। ਹੋਰ ਪਾਤ
ਸ਼ਾਹੀਆਂ ਕੂੜੀਆਂ 'ਯਾਰ' ਵੇ। ਆਤਮਾਂ ਦਾਨ

Digitized by Panjab Digital Library | www.panjabdigilib.org

ਦੇਕੇ ਸੀਨੇ ਨੂ ਠਾਰਦੇ। ਨਬਜ ਪਛਾਣ ਮੇਰੀ
ਭ ਹੜੀ ਬੀਮਾਰ ਵੋ ॥ ਰੋਗੀਆਂ ਨੂ ਆਤਮ
ਭੁਖਿਆਂ ਅੰਨ ਦਾ ਦਾਨ ਜੀ। ਦੇਂਦਾ ਤੂ ਨਿਤ
ਜੀਗਾ ਗੁਣਾਂ ਦੀ ਖਾਣ ਸੀ । ਫੁਲ ਗੁਲਾਬ
ਦਾ ਸੈਂ ਲਾਲ ਅਨਾਰ ਵੋ ॥ ਮਾਰੇ ਤਾਊਨ ਦੇ
ਤੇ ਤਪ ਇਕ ਨਾਲ ਜੀ । ਡਾਕੀ ਭੁਚਾਲ
ਕਈ ਪੀੜੇ ਨਿਕਾਲ ਜੀ। ਓਹਨਾਂ ਦੀ ਖਬਰ
ਕਦੇ ਲਈਂ ਤਾਂ ਸਾਰ ਵੋ ॥ ਬਹੁਤੇ ਨੀ ਤੇਰੇ
ਭਾਈ ਆਦੀ ਸ਼ਰਾਬ ਦੇ। ਮੋਰੀਆਂ ਚਿ ਫਹਿੰਦੇ
ਮੁਖ ਕੁਤੇ ਪੇਸ਼ਾਬ ਦੇ। ਓਹਨਾਂ ਦਾ ਛੇਤੀ ਵੀਰੇ
ਕਰਿਓ ਸੁਧਾਰ ਵੋ॥ ਸਿਖੀ ਮੁਕਦਮਿਆਂ ਹੀ
ਸਾਰੀ ਹਾਇ ਪਟੀ ਜੀ। ਸਦਾ ਹੀ ਭਰਦੇ ਨੇ
ਇਹ ਅਭਰ ਦੀ ਚਟੀ ਜੀ । ਬਲਿਸ਼ਟਰ
ਵਕੀਲਾਂ ਦਾ ਤਾਂ ਗਰਮ ਬਾਜ਼ਾਰ ਵੋ ॥ ਸਿਖਾਂ
ਨੂ ਦੇਵੋ ਤੁਸੀਂ ਵਿਦਿਆ ਦਾ ਦਾਨ ਜੀ। ਸੁਖੀ
ਇਹ ਵਸਣ ਖਟੇ ਜਸ ਜਹਾਨ ਜੀ । ਵਾਧਾ
ਪੰਜਾਬੀ ਵੀਰੋ ਬਹੁਤਾ ਦਰਕਾਰ ਵੋ ॥ ਅੰਤ
ਦੀ ਬਿਨੈ ਸੁੰਦਰ ਹਰਿ ਦੀ ਪਿਆਰਿਓ। ਸੁੰਦਰ

Digitized by Panjab Digital Library | www.panjabdigilib.org

ਗੁਰ ਲਾਲ ਸੁੰਦਰ ਸੁੰਦਰ ਚਿਤਾਰਿਓ ਸੁੰਦਰ ਉਪਕਾਰ ਚੇਤੋ ਸੁੰਦਰ ਗੁਰ ਕਾਰਵੇ ॥

॥ ਇਤਿ ॥

# ਘਰ ਦਾ ਵੈਦ

ਇਹ ਓਹ ਕਿਤਾਬ ਹੈ ਜਿਸਦੇ ਛਪਨ ਤੋਂ ਪੈਹਲੇ ਹੀ ਹਜਾਰਾਂ ਮੰਗਾ ਆਈਆਂ ਸਨ । ਅਰ ਹੁਣ ਹਥੋ ਹਥੀ ਵਿਕ ਰਹੀ ਹੈ । ਇਸ ਵਿਚ ਆਮ ਬੀਮਾਰੀਆਂ ਦੇ ਕਾਰਣ ਲਛਨ ਅਰ ਇਲਾਜ ਐਸੇ ਤਰੀਕੇ ਨਾਲ ਲਿਖੇ ਹਨ । ਜਿਸਨੂ ਇਵਾਣ ਸਿਵ ਣ ਸਭ ਕੋਈ ਸਮਝ ਸਕਦਾ ਹੈ । ਹੋਰ ਦਵਾਈਆਂ ਨੂ ਬਨਾਨਾ ਮਾਜੂਨਾਂ ਸ਼ਰਬਤ ਤਿਆਰ ਕਰਨੇ ਲਿਖੇ ਹਨ । ਜਿਸ ਜਗਾ ਤੇ ਹਕੀਮ ਡਾਕਟਰ ਵੈਦ ਨਹੀਂ ਪਹੁੰਚ ਸਕਦਾ ਓਥੇ ਇਹ ਕਿਤਾਬ ਇਕ ਲਾਇਕ ਹਕੀਮ ਦਾ ਕੰਮ ਦੇਂਦੀ ਹੈ । ਐਸੀ ਕਿਤਾਬ ਗੁਰਮੁਖੀ ਵਿਚ ਅਜ ਤਕ ਕੋਈ ਨਹੀਂ

Digitized by Panjab Digital Library | www.panjabdigilib.org

ਸੀ ਛਪੀ । ਇਸ ਵਿਚ ਯੂਨਾਨੀ ਤੇ ਵੈਦਕ ਮਤ ਦੇ ਵਡੇ ੨ ਗ੍ਰੰਥਾਂ ਦਾ ਮਤ ਲਿਆ ਹੈ ਜਿਨਾਂ ਦਾ ਪੜਨਾ ਮਹਾਂ ਕਠਨ ਸੀ ਬਾਲਾਂ ਔਰਤਾਂ ਆਦਮੀਆਂ ਦਾ ਇਲਾਜ ਇਸ ਵਿਚ ਹੈ ਇਸ ਦਾ ਹਰ ਇਕ ਪੁਰਸ਼ ਨੂ ਰਖਣਾ ਜਰੂਰੀ ਹੈ । ਛਪਾਈ ਕਾਗਜ ਬਹੁਤ ਉਮਦਾ ਹੈ ਵਡੇ ਸਫੇ ੨੪੦ ਹਨ ਮੁਲ ਦੋਨਾ ਭਾਗਾਂ ਦਾ ।॥) ਜੋ ਕਿਤਾਬ ਦੇ ਗੁਣ ਮੂਜਬ ਤੁਛ ਮਾਤ੍ਰ ਹੈ ॥

ਜਨਮ ਸਾਖੀ ਛੋਟੀ ।॥) ਜਨਮ ਸਾਖੀ ਮਨੀ ਸਿੰਘ ਵਾਲੀ ਮੋਖ ੧।) ਜਨਮ ਸਾਖੀ ਕਬੀਰ ਜੀ ਦੀ੧।) ਜਨਮਸਾਖੀਦਿਤਸਿੰਘਗਿਆਨੀ।) ਜੋਤਸ਼ ਰਤਨ ਭੰਡਾਰ ਕੀਮਤ ।॥) ਜਨਮ ਸਾਖੀ ਭਾਈ ਬਾਲੇ ਵਾਲੀ ਵਡੀ ਮੋਖ ੧।) ਕਾਗਜ ਵਦੀਆ ੧।॥) ਮੂਰਤਾਂ ਵਾਲੀ ਵਡੀ ਬਹੁਤ ਵਦੀਆ ਜਿਲਦ ਮੋਖ ੨) ਜਨਮ ਸਾਖੀ ਸ੍ਰੀ ਗੁਰੂ ਅਮਰਦਾਸ ਜੀ ਦੀ ।–)ਜਨਮ ਸਾਖੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ≡ )ਸ੍ਰੀ

Digitized by Panjab Digital Library | www.panjabdigilib.org

ਗੁਰੂ ਹਰਿ ਕ੍ਰਿਸ਼ਨ ਜੀ ॥) ਸ੍ਰੀ ਗੁਰੂ ਤੇਗ ਬਹਾਦਰ ਜੀ ≡ ) ਹੋਰ ਸਭ ਤਰਾਂ ਦੇ ਪੁਸਤਕ ਕੰਘੇ ਕੜੇ ਕ੍ਰਿਪਾਨਾਂ ਮਾਲਾ ਅਤੇ ਤਸਵੀਰਾਂ ਰਿਆਇਤ ਨਾਲ ਮਿਲਦੀਆਂ ਹਨ ॥

ਮਿਲਨੇ ਦਾ ਪਤਾ—

## ਭਾਈ ਚਤ੍ਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ

ਸ੍ਰੀ ਅੰਮ੍ਰਿਤਸਰ ਜੀ

## ਅਸਲੀ ਰਾਸਕੋਪ ਸਿਸਟਮ ਵਾਚ

## ਪੇਟੰਟ ਜੇਬੀ ਘੜੀ

ਬਕਸ ਕਮਾਨੀ ਸ਼ੀਸ਼ੇ ਤੇ ਜੰਜੀਰ ਸਨੇ ੪) ਖਰਚ ਡਾਕ ।) ਗਰੰਟੀ ੧੦ ਸਾਲ

ਸਜਨੋ ਤੁਸਾਂ ਘੜੀਆਂ ਤਾਂ ਬਹੁਤ ਖਰੀਦੀ ਆਂ ਤੇ ਦੇਖੀਆਂ ਹੋਨਗੀਆ ਸਾਥ ਹੀ ਉਹਨਾਂ ਦੇ ਲੰਬੇ ਚੌੜੇ ਇਸ਼ਤਿਹਾਰ ਤੇ ਬੜੀਆਂ ੨ ਕੀਮਤਾਂ ਬੀ ਪੜੀਆਂ ਸੁਣੀਆਂ ਹੋਣਗੀਆਂ ਪਰੰਤੂ ਐਸੀ ਮਜਬੂਤ ਤੇ ਪਾਇਦਾਰ ਤੇ ਠੀਕ

ਵਕਤ ਦੇਣ ਵਾਲੀ ਸਸਤੀ ਘੜੀ ਆਪਨੇ ਕਦੇ ਨਹੀਂ ਦੇਖੀ ਹੋਣੀ ਇਹ ਘੜੀ ਥੀਨੀ ਦੇ ਡਾਇਲ ਵਾਲੀ ਹੈ ਜੂਲਦਾਰ ਅਸੀਂ ਖਾਸ ਆਡਰ ਦੇਕੇ ਵਲਾਇਤੋਂ ਮੰਗਵਾਈਆਂ ਹੈਨ ਹੋਰ ਘੜੀਆਂ ਵਾਂਙੂ ਬਹੁਤ ਚਾਬੀ ਦੇਣ ਨਾਲ ਇਸਦਾ ਫਨਰ ਨਹੀਂ ਟੁਟਦਾ ਘੋੜੇ ਦੀ ਸਵਾਰੀ ਨਾਲ ਇਸਦੀ ਚਾਲ ਵਿਚ ਕਿਸੇਤਰਾਂ ਦਾ ਨੁਕਸ ਨਹੀਂ ਪੈਂਦਾ ਜਿਥੇ ਇਹ ਘੜੀ ਇਕ ਵੇਰ ਜਾ ਢੁਕੀ ਹੈ ਉਸ ਜਗਾ ਥੋਂ ਹੋਰ ਇਸਦੀਆਂ ਅਨੇਕਾਂ ਮੰਗਾਂ ਆਉਂਦੀਆ ਹਨ ਕਾਰੀ ਵਿਹਾਰੀ ਆਦਮੀਆਂ ਲਈ ਬੜੀ ਫੈਦੇ ਮੰਦ ਹੈ ਅਤੇ ਬੜੀ ਹੀ ਸਸਤੀ ਹੈ ਦਰਜਨ ਦੇ ਖਰੀਦਾਰ ਨੂ ਇਕ ਘੜੀ ਮੁਫਤ ਦਿਤੀ ਜਾਂਦੀ ਹੈ ਅਧੀ ਦਰਜਨ ਦੇ ਖਰੀਦਾਰ ਨੂ ਡਾਕ ਕਰਾਯਾ ਮੁਫਤ ਹੈ ॥

ਮਿਲਨੇ ਦਾ ਪਤਾ—

**ਜੀਵਨਸਿੰਘਐਂਡਕੰਪਨੀਸੌਦਾਗਰ**

ਘੜੀਆਂ ਬਾਜਾਰ ਮਾਈ ਸੇਵਾਂ ਅੰਮ੍ਰਿਤਸਰ

B2255

Digitized by Panjab Digital Library | www.panjabdigilib.org